CEAS
B.C. COALITION TO ELIMINATE ABUSE OF SENIORS

## ਬਜ਼ੁਰਗਾਂ ਲਈ ਜਾਣਕਾਰੀ

*ਬਜ਼ੁਰਗਾਂ ਲਈ ਜਾਣਕਾਰੀ ਦੀਆਂ ਸ਼ੀਟਾਂ ਦੀ ਲੜੀ ਵਿੱਚੋਂ ਇਹ ਇਕ ਸ਼ੀਟ ਹੈ। ਹੋਰ ਇਹ ਹਨ:*

- *ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ – ਕੀ ਇਹ ਇਕ ਜੁਰਮ ਹੈ?*
- *ਜੁਰਮਾਂ ਬਾਰੇ ਪੁਲੀਸ ਨੂੰ ਰਿਪੋਰਟ ਕਰਨਾ ਅਤੇ ਤੁਹਾਡੇ ਵਲੋਂ ਰਿਪੋਰਟ ਕਰਨ ਵੇਲੇ ਕੀ ਹੁੰਦਾ ਹੈ*
- *ਅਡੱਲਟ ਗਾਰਡੀਅਨਸ਼ਿਪ ਐਕਟ ਦੇ ਹਿੱਸਾ 3 ਅਧੀਨ ਬੁਰੇ ਵਰਤਾਉ ਅਤੇ ਅਣਗਹਿਲੀ ਦੀ ਰਿਪੋਰਟ ਕਰਨਾ*
- *ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਅਤੇ ਕਰਿਮੀਨਲ ਜਸਟਿਸ ਸਿਸਟਮ*
- *ਆਪਣੇ ਕੰਮਾਂ ਦੇ ਪ੍ਰਬੰਧ ਵਿਚ ਮਦਦ ਲਈ ਹੋਰ ਲੋਕਾਂ ਨੂੰ ਅਧਿਕਾਰ ਦੇਣਾ*

# *ਕਨੂੰਨੀ ਮਦਦ ਕਿੱਥੋਂ ਲੈਣੀ ਹੈ*

ਅਜਿਹੇ ਵਸੀਲੇ ਮੌਜੂਦ ਹਨ ਜਿਨ੍ਹਾਂ ਨਾਲ ਤੁਸੀਂ ਕਨੂੰਨੀ ਜਾਣਕਾਰੀ ਅਤੇ ਮਦਦ ਲਈ ਸੰਪਰਕ ਕਰ ਸਕਦੇ ਹੋ। ਇਹ ਹਨ:

1) **ਬੀ ਸੀ ਸੀ ਈ ਏ ਐੱਸ (ਬੀ ਸੀ ਕੋਲੀਸ਼ਨ ਟੂ ਇਲਿਮੀਨੇਟ ਅਬਿਊਜ਼ ਆਫ ਸੀਨੀਅਰਜ਼)** – ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਇਹ ਏਜੰਸੀ ਬੀ ਸੀ ਵਿਚ, ਆਪਣੀ ਸੂਬੇ ਭਰ ਵਿਚਲੀ ਲੀਗਲ ਐਡਵੋਕੇਸੀ ਟੈਲੀਫੋਨ ਲਾਈਨ ਰਾਹੀਂ ਬਜ਼ੁਰਗਾਂ ਨੂੰ ਕਨੂੰਨੀ ਜਾਣਕਾਰੀ ਦਿੰਦੀ ਹੈ, ਹੋਰ ਸੇਵਾਵਾਂ ਬਾਰੇ ਦੱਸਦੀ ਹੈ ਅਤੇ ਉਨ੍ਹਾਂ ਦੀ ਕਨੂੰਨੀ ਹਿਮਾਇਤ ਕਰਦੀ ਹੈ।

ਕਨੂੰਨੀ ਜਾਣਕਾਰੀ ਲੈਣ ਲਈ ਲੀਗਲ ਐਡਵੋਕੇਸੀ ਟੈਲੀਫੋਨ ਲਾਈਨ ਨੂੰ ਇਨ੍ਹਾਂ ਨੰਬਰਾਂ ’ਤੇ ਫੋਨ ਕਰੋ:

- (604) 437-1940 (ਲੋਅਰ ਮੇਨਲੈਂਡ ਵਿਚ)
- 1-866-437-1940 (ਦੂਰੋਂ ਮੁਫਤ, ਬੀ ਸੀ ਭਰ ਵਿਚ)

2) **ਯੂ ਬੀ ਸੀ ਦੇ ਕਨੂੰਨ ਦੀ ਪੜ੍ਹਾਈ ਕਰਦੇ ਵਿਦਿਆਰਥੀ** – ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਕਨੂੰਨ ਦੀ ਪੜ੍ਹਾਈ ਕਰਦੇ ਵਿਦਿਆਰਥੀ ਲੋਅਰ ਮੇਨਲੈਂਡ ਵਿਚ ਕਨੂੰਨੀ ਸਲਾਹ ਦੇ ਮੁਫਤ ਕਲੀਨਿਕ ਚਲਾਉਂਦੇ ਹਨ। ਉਹ ਤੁਹਾਨੂੰ ਕੁਝ ਕਨੂੰਨੀ ਸਮੱਸਿਆਵਾਂ ਬਾਰੇ ਕਨੂੰਨੀ ਸਲਾਹ ਅਤੇ/ਜਾਂ ਕਨੂੰਨੀ ਨੁਮਾਇੰਦਗੀ ਦੇ ਸਕਦੇ ਹਨ।

ਆਪਣੇ ਨੇੜੇ ਦੇ ਕਲੀਨਿਕ ਬਾਰੇ ਪਤਾ ਲਾਉਣ ਲਈ ਤੁਸੀਂ ਉਨ੍ਹਾਂ ਨੂੰ (604) 822-5791’ਤੇ ਫੋਨ ਕਰ ਸਕਦੇ ਹੋ।

3) **ਡਾਇਲ-ਏ-ਲਾਅ** – ਕਨੂੰਨ ਬਾਰੇ ਇਹ ਟੇਪ ਕੀਤੇ ਹੋਏ ਸੁਨੇਹੇ ਹਨ ਜਿਹੜੇ ਤੁਸੀਂ ਫੋਨ ’ਤੇ ਸੁਣ ਸਕਦੇ ਹੋ।

ਨੰਬਰ ਹੈ :

- (604) 687-4680 (ਲੋਅਰ ਮੇਨਲੈਂਡ ਵਿਚ)
- 1-800-565-5297 (ਦੂਰੋਂ ਮੁਫਤ, ਬੀ ਸੀ ਭਰ ਵਿਚ)

4) **ਲਾਅ ਲਾਈਨ** – ਲਾਅ ਲਾਈਨ ’ਤੇ ਲੀਗਲ ਸਰਵਿਸਿਜ਼ ਦਾ ਸਟਾਫ, ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ ਅਤੇ ਤੁਹਾਨੂੰ ਹੋਰ ਵਸੀਲਿਆਂ ਕੋਲ ਭੇਜ ਸਕਦਾ ਹੈ ਜੋ ਕਿ ਤੁਹਾਡੀ ਕਨੂੰਨੀ ਸਮੱਸਿਆ ਵਿਚ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੇ ਹਨ। ਇਹ ਕਨੂੰਨੀ ਜਾਣਕਾਰੀ ਦੇਣ ਵਾਲੀ ਟੈਲੀਫੋਨ ਸਰਵਿਸ ਹੈ ਜੋ ਕਿ ਗਰੀਬੀ, ਪਰਿਵਾਰਾਂ, ਕਰਿਮੀਨਲ ਅਤੇ ਜੇਲ੍ਹ ਨਾਲ ਸੰਬੰਧਿਤ ਕਨੂੰਨ ਬਾਰੇ ਜਾਣਕਾਰੀ ਦਿੰਦੀ ਹੈ। ਇਹ ਸਰਵਿਸ ਉਨ੍ਹਾਂ ਲੋਕਾਂ ਲਈ ਹੈ ਜਿਨ੍ਹਾਂ ਨੂੰ ਲੀਗਲ ਏਡ ਤੋਂ ਨਾਂਹ ਹੋ ਜਾਂਦੀ ਹੈ।

ਜਦੋਂ ਤੁਸੀਂ ਲਾਅ ਲਾਈਨ ਨੂੰ ਫੋਨ ਕਰਦੇ ਹੋ ਤਾਂ ਸਟਾਫ ਦਾ ਕੋਈ ਮੈਂਬਰ ਤੁਹਾਡੀ ਕਨੂੰਨੀ ਸਮੱਸਿਆ ਦੀ ਪਛਾਣ ਕਰਨ ਵਿਚ ਤੁਹਾਡੀ ਮਦਦ ਕਰੇਗਾ, ਤੁਹਾਨੂੰ ਕਨੂੰਨੀ ਜਾਣਕਾਰੀ ਦੇਵੇਗਾ, ਤੁਹਾਨੂੰ ਜਾਣਕਾਰੀ ਭੇਜੇਗਾ, ਅਤੇ ਜੇ ਜ਼ਰੂਰੀ ਹੋਵੇ ਤਾਂ ਤੁਹਾਨੂੰ ਕਿਸੇ ਏਜੰਸੀ ਕੋਲ ਭੇਜੇਗਾ ਜਿਹੜੀ ਤੁਹਾਡੀ ਮਦਦ ਕਰ ਸਕਦੀ ਹੈ। ਉਹ ਤੁਹਾਨੂੰ ਤੁਹਾਡੀ ਖਾਸ ਕਨੂੰਨੀ ਸਮੱਸਿਆ ਬਾਰੇ ਵੀ ਕਨੂੰਨੀ ਸਲਾਹ ਦੇ ਸਕਦੇ ਹਨ।

ਤੁਸੀਂ ਉਨ੍ਹਾਂ ਨੂੰ ਇਨ੍ਹਾਂ ਨੰਬਰਾਂ 'ਤੇ ਫੋਨ ਕਰ ਸਕਦੇ ਹੋ:

- (604) 408-2172 (ਲੋਅਰ ਮੇਨਲੈਂਡ ਵਿਚ)
- 1-866-577-2525 (ਦੂਰੋਂ ਮੁਫਤ, ਬੀ ਸੀ ਭਰ ਵਿਚ)

5) **ਇਲੈਕਟਰੌਨਿਕ ਲਾਅ ਲਾਇਬਰੇਰੀ** – ਇਹ ਕੰਪਿਊਟਰ 'ਤੇ ਕਨੂੰਨ ਦੀ ਲਾਇਬਰੇਰੀ ਹੈ ਜਿਸ ਤੱਕ ਤੁਸੀਂ ਬਹੁਤ ਸਾਰੇ ਵਿਸ਼ਿਆਂ ਦੀ ਕਨੂੰਨੀ ਜਾਣਕਾਰੀ ਲੈਣ ਲਈ ਪਹੁੰਚ ਕਰ ਸਕਦੇ ਹੋ। ਇਹ ਲਾਇਬਰੇਰੀ ਫੈਡਰਲ, ਸੂਬਾਈ ਅਤੇ ਮਿਊਂਸਪਲ ਕਨੂੰਨ ਬਾਰੇ ਕਨੂੰਨੀ ਜਾਣਕਾਰੀ ਪ੍ਰਦਾਨ ਕਰਦੀ ਹੈ। ਤੁਸੀਂ ਇਸ ਵੈੱਬਸਾਈਟ 'ਤੇ ਪਹੁੰਚ ਕਰ ਸਕਦੇ ਹੋ: www.bcpl.gov.bc.ca/ell

6) **ਲਾਇਅਰ ਰੈਫਰਲ ਸਰਵਿਸ** – ਇਹ ਸਰਵਿਸ, ਬੀ ਸੀ ਵਿਚ ਕੋਈ ਵਕੀਲ ਲੱਭਣ ਵਿਚ ਲੋਕਾਂ ਦੀ ਮਦਦ ਕਰਨ ਲਈ ਕੈਨੇਡੀਅਨ ਬਾਰ ਐਸੋਸੀਏਸ਼ਨ ਵਲੋਂ ਪ੍ਰਦਾਨ ਕੀਤੀ ਜਾਂਦੀ ਹੈ। ਤੁਸੀਂ 25 ਡਾਲਰ ਦੇ ਕੇ ਕਿਸੇ ਵਕੀਲ ਨਾਲ 30 ਮਿੰਟਾਂ ਲਈ ਸਲਾਹ-ਮਸ਼ਵਰਾ ਕਰ ਸਕਦੇ ਹੋ। ਇਹ ਸਮਾਂ ਇਹ ਪਤਾ ਲਾਉਣ ਲਈ ਵਰਤਿਆ ਜਾ ਸਕਦਾ ਹੈ ਕਿ ਕੀ ਤੁਹਾਨੂੰ ਕੋਈ ਕਨੂੰਨੀ ਸਮੱਸਿਆ ਹੈ ਅਤੇ ਤੁਸੀਂ ਇਹ ਫੈਸਲਾ ਕਰ ਸਕਦੇ ਹੋ ਕਿ ਕੀ ਇਸ ਸਮੱਸਿਆ ਵਿਚ ਮਦਦ ਲਈ ਤੁਸੀਂ ਕੋਈ ਵਕੀਲ ਕਰਨਾ ਚਾਹੁੰਦੇ ਹੋ ਜਾਂ ਨਹੀਂ।

ਇਸ ਨੰਬਰ 'ਤੇ ਫੋਨ ਕੀਤਾ ਜਾ ਸਕਦਾ ਹੈ:

- (604) 687-3221 (ਲੋਅਰ ਮੇਨਲੈਂਡ ਵਿਚ)
- 1-800-663-1919 (ਦੂਰੋਂ ਮੁਫਤ, ਬੀ ਸੀ ਭਰ ਵਿਚ)

7) **ਪ੍ਰੋ ਬੋਨੋ ਕਲੀਨਿਕਸ** – ਪ੍ਰੋ ਬੋਨੋ ਕਲੀਨਿਕਸ ਇਕ ਅਜਿਹਾ ਪ੍ਰੋਗਰਾਮ ਹੈ ਜਿਸ ਵਿਚ ਕੋਈ ਵਿਅਕਤੀ ਵਕੀਲ ਤੋਂ ਮੁਫਤ ਕਨੂੰਨੀ ਸਲਾਹ ਲੈ ਸਕਦਾ ਹੈ। ਇਨ੍ਹਾਂ ਕਲੀਨਿਕਾਂ ਵਿਚਲੇ ਵਕੀਲ ਸਲਾਹ ਦਿੰਦੇ ਹਨ ਅਤੇ ਕੰਮ ਕਰਨ ਵਿਚ ਮੁਵੱਕਲਾਂ (ਕਲਾਇੰਟਸ) ਦੀ ਮਦਦ ਕਰਦੇ ਹਨ। ਵਕੀਲ ਮੁਵੱਕਲਾਂ ਲਈ ਅਦਾਲਤ ਵਿਚ ਨਹੀਂ ਜਾਂਦੇ।

**ਵੈਸਟਰਨ ਕੈਨੇਡਾ ਸੁਸਾਇਟੀ ਟੂ ਐਕਸੈੱਸ ਜਸਟਿਸ** ਪੱਛਮੀ ਕੈਨੇਡਾ ਵਿਚ ਪ੍ਰੋ ਬੋਨੋ ਕਲੀਨਿਕ ਚਲਾਉਂਦੀ ਹੈ ਜਿਸ ਵਿਚ ਬੀ ਸੀ ਵੀ ਸ਼ਾਮਲ ਹੈ। ਬੀ ਸੀ ਭਰ ਵਿਚ ਪ੍ਰੋ ਬੋਨੋ ਲੀਗਲ ਕਲੀਨਿਕ ਹਨ। ਦਫਤਰ, ਵੱਖ ਵੱਖ ਇਲਾਕਿਆਂ ਵਿਚ ਸਮਾਜਿਕ ਏਜੰਸੀਆਂ ਵਲੋਂ ਦਿੱਤੇ ਜਾਂਦੇ ਹਨ। ਸਾਰੀਆਂ ਸੇਵਾਵਾਂ ਆਪਣਾ ਸਮਾਂ ਦਾਨ ਕਰਨ ਵਾਲੇ ਵਕੀਲਾਂ ਵਲੋਂ ਮੁਫਤ ਦਿੱਤੀਆਂ ਜਾਂਦੀਆਂ ਹਨ।

ਆਪਣੇ ਇਲਾਕੇ ਵਿਚ ਪ੍ਰੋ ਬੋਨੋ ਲੀਗਲ ਕਲੀਨਿਕ ਤੱਕ ਪਹੁੰਚ ਕਰਨ ਲਈ, ਤੁਸੀਂ ਉਨ੍ਹਾਂ ਨੂੰ ਇਸ ਫੋਨ 'ਤੇ ਫੋਨ ਕਰ ਸਕਦੇ ਹੋ:

- ਅਪੌਇੰਟਮੈਂਟ ਲਈ (604) 878-7400 'ਤੇ ਫੋਨ ਕਰੋ।

ਤੁਹਾਨੂੰ ਆਪਣੀ ਕਨੂੰਨੀ ਸਮੱਸਿਆ ਨਾਲ ਸੰਬੰਧਿਤ ਸਾਰੇ ਢੁਕਵੇਂ ਪੇਪਰ ਆਪਣੀ ਅਪੌਇੰਟਮੈਂਟ 'ਤੇ ਲਿਜਾਣ ਦੀ ਲੋੜ ਹੈ। ਕੁਝ ਮਾਇਕ ਸ਼ਰਤਾਂ ਵੀ ਲਾਗੂ ਹਨ। ਤੁਹਾਨੂੰ ਅਪੌਇੰਟਮੈਂਟ ਲਈ ਆਪਣੀ ਆਮਦਨ ਦਾ ਸਬੂਤ ਲਿਜਾਣ ਦੀ ਲੋੜ ਹੈ।

8) **ਲੀਗਲ ਏਡ** – ਜਿਹੜੇ ਲੋਕ ਆਪਣੀਆਂ ਕਨੂੰਨੀ ਸਮੱਸਿਆਵਾਂ ਲਈ ਵਕੀਲ ਦਾ ਖਰਚਾ ਨਹੀਂ ਚੁੱਕ ਸਕਦੇ, ਉਹ ਗੰਭੀਰ ਕਰਿਮੀਨਲ ਜਾਂ ਫੈਮਿਲੀ ਲਾਅ ਨਾਲ ਸੰਬੰਧਿਤ ਐਮਰਜੰਸੀ ਸਮੱਸਿਆਵਾਂ ਲਈ ਕਨੂੰਨੀ ਸਹਾਇਤਾ ਲੈਣ ਦੇ ਯੋਗ ਹੋ ਸਕਦੇ ਹਨ।

ਜੇ ਕਿਸੇ ਵਿਅਕਤੀ ਨੂੰ ਕਿਸੇ ਗੰਭੀਰ ਜੁਰਮ ਲਈ ਚਾਰਜ ਕੀਤਾ ਗਿਆ ਹੈ ਜਿਵੇਂ ਕਿ ਹਥਿਆਰ ਨਾਲ ਹਮਲੇ ਲਈ ਅਤੇ ਉਸ ਦੇ ਜੇਲ੍ਹ ਜਾਣ ਦੀ ਸੰਭਾਵਨਾ ਹੈ ਤਾਂ ਉਹ ਵਿਅਕਤੀ ਆਪਣੇ ਕਰਿਮੀਨਲ ਮਾਮਲੇ ਲਈ ਲੀਗਲ ਏਡ ਦਾ ਵਕੀਲ ਲੈਣ ਦੇ ਯੋਗ ਹੋ ਸਕਦਾ ਹੈ।

ਐਮਰਜੰਸੀ ਪਰਿਵਾਰਕ ਮਸਲੇ ਉਹ ਕਨੂੰਨੀ ਸਮੱਸਿਆਵਾਂ ਹਨ ਜਿਹੜੀਆਂ ਬੱਚੇ ਦੀ ਸਪੁਰਦਗੀ (ਕਸਟੱਡੀ), ਉਸ ਨੂੰ ਮਿਲਣ ਦੇ ਹੱਕ, ਰਿਸਟਰੇਨਿੰਗ ਆਰਡਰ, ਅਤੇ ਪੀਸ ਬੌਂਡਾਂ ਨਾਲ ਸੰਬੰਧਿਤ ਹੁੰਦੀਆਂ ਹਨ।

ਤੁਸੀਂ ਆਪਣੇ ਨੇੜੇ ਦੇ ਲੀਗਲ ਏਡ ਦੇ ਦਫਤਰ ਵਿਚ ਲੀਗਲ ਏਡ ਲਈ ਅਪਲਾਈ ਕਰ ਸਕਦੇ ਹੋ। ਟੈਲੀਫੋਨਾਂ ਵਾਲੀ ਕਿਤਾਬ ਦੇ ਚਿੱਟੇ ਪੰਨਿਆਂ 'ਤੇ "ਲਾਇਅਰਜ਼" ਹੇਠ ਦੇਖੋ। ਜੇ ਤੁਹਾਡੇ ਇਲਾਕੇ ਵਿਚ ਲੀਗਲ ਏਡ ਦਾ ਦਫਤਰ ਨਹੀਂ ਹੈ ਤਾਂ ਤੁਸੀਂ ਲੀਗਲ ਸਰਵਿਸਿਜ਼ ਕਾਲ ਸੈਂਟਰ ਨੂੰ ਅੱਗੇ ਲਿਖੇ ਨੰਬਰਾਂ 'ਤੇ ਫੋਨ ਕਰਕੇ ਫੋਨ 'ਤੇ ਅਪਲਾਈ ਕਰ ਸਕਦੇ ਹੋ:

- (604) 408-2172 (ਲੋਅਰ ਮੇਨਲੈਂਡ ਵਿਚ) ਜਾਂ
- 1-866-577-2525 (ਦੂਰੋਂ ਮੁਫਤ, ਬੀ ਸੀ ਭਰ ਵਿਚ)

9) **ਨੋਟਰੀ** – ਨੋਟਰੀ ਉਨ੍ਹਾਂ ਮਾਮਲਿਆਂ ਦੇ ਸਬੰਧ ਵਿਚ ਸੇਵਾਵਾਂ ਦੇ ਸਕਦਾ ਹੈ ਜਿੱਥੇ ਦੋਨੋਂ ਧਿਰਾਂ ਨੇ ਕੋਈ ਐਗਰੀਮੈਂਟ ਕੀਤਾ ਹੋਇਆ ਹੁੰਦਾ ਹੈ। ਉਹ ਆਮ ਵਸੀਅਤਾਂ ਤਿਆਰ ਕਰਨ, ਰੀਅਲ ਇਸਟੇਟ ਦੇ ਮਾਮਲਿਆਂ, ਮੁਖਤਾਰਨਾਮਿਆਂ, ਨੁਮਾਇੰਦਗੀ ਦੇ ਇਕਰਾਰਨਾਮਿਆਂ, ਕੌਨਟਰੈਕਟਸ ਅਤੇ ਐਗਰੀਮੈਂਟਾਂ, ਕਾਰੋਬਾਰਾਂ ਦੀ ਖਰੀਦ/ਵੇਚ, ਇਸਟੇਟ ਪਲੈਨਿੰਗ, ਹੈਲਥ ਕੇਅਰ ਦੇ ਐਲਾਨਾਂ, ਅਦਾਲਤਾਂ ਵਿਚ ਪੇਸ਼ ਕੀਤੇ ਜਾਣ ਵਾਲੇ ਪੇਪਰਾਂ ਲਈ ਐਫੀਡੇਵਿਟਾਂ ਦੇ ਖੇਤਰਾਂ ਵਿਚ ਕਨੂੰਨੀ ਮਦਦ ਕਰ ਸਕਦੇ ਹਨ ਅਤੇ ਕਈ ਹੋਰ ਸੇਵਾਵਾਂ ਦੇ ਸਕਦੇ ਹਨ।

ਨੋਟਰੀ ਕਿਸੇ ਜੱਜ ਦੇ ਸਾਹਮਣੇ ਅਦਾਲਤੀ ਕੇਸਾਂ ਵਿਚ ਪੇਸ਼ ਨਹੀਂ ਹੁੰਦੇ। ਹਰ ਨੋਟਰੀ ਵਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਉਸ ਤੋਂ ਪਤਾ ਕਰੋ।

ਨੋਟਰੀਆਂ ਦੇ ਰੇਟ ਦਿੱਤੀਆਂ ਜਾਂਦੀਆਂ ਸੇਵਾਵਾਂ 'ਤੇ ਆਧਾਰਿਤ ਹੁੰਦੇ ਹਨ। ਉਹ ਘੰਟਿਆਂ ਦੇ ਹਿਸਾਬ ਨਾਲ ਪੈਸੇ ਨਹੀਂ ਲੈਂਦੇ। ਹਰ ਸਰਵਿਸ ਦਾ ਪੱਕਾ ਰੇਟ ਹੁੰਦਾ ਹੈ ਜੋ ਕਿ ਸਰਵਿਸ ਦੀ ਕਿਸਮ ਅਤੇ ਦਿੱਤੀ ਜਾਣ ਵਾਲੀ ਸਰਵਿਸ ਦੀ ਗੁੰਝਲਤਾ 'ਤੇ ਨਿਰਭਰ ਹੁੰਦਾ ਹੈ। ਜਿਸ ਸਰਵਿਸ ਦੀ ਤੁਹਾਨੂੰ ਲੋੜ ਹੈ, ਉਸ ਦੇ ਰੇਟ ਬਾਰੇ ਤੁਹਾਨੂੰ ਨੋਟਰੀ ਤੋਂ ਚੈੱਕ ਕਰਨ ਦੀ ਲੋੜ ਹੈ।

ਤੁਸੀਂ ਆਪਣੇ ਇਲਾਕੇ ਵਿਚਲੇ ਨੋਟਰੀ ਆਪਣੀ ਸਥਾਨਕ ਟੈਲੀਫੋਨ ਕਿਤਾਬ ਦੇ ਪੀਲੇ ਪੰਨਿਆਂ 'ਤੇ "ਨੋਟਰੀਜ਼" ਅਧੀਨ ਲੱਭ ਸਕਦੇ ਹੋ।

10) **ਵਕੀਲ** – ਜੇ ਤੁਹਾਨੂੰ ਕੋਈ ਕਨੂੰਨੀ ਸਮੱਸਿਆ ਹੈ ਅਤੇ ਤੁਸੀਂ ਕੋਈ ਵਕੀਲ ਕਰਨ ਦਾ ਫੈਸਲਾ ਕੀਤਾ ਹੈ ਤਾਂ ਤੁਹਾਨੂੰ ਫੀਸਾਂ ਬਾਰੇ ਕੁਝ ਗੱਲਾਂ ਜਾਣਨ ਦੀ ਲੋੜ ਹੈ। ਆਪਣੇ ਵਕੀਲ ਤੋਂ ਕਨੂੰਨੀ ਫੀਸਾਂ ਅਤੇ ਖਰਚਿਆਂ ਬਾਰੇ ਪੁੱਛੋ। ਇਹ ਇੱਕੋ ਚੀਜ਼ ਨਹੀਂ ਹਨ।

ਵਕੀਲ ਦੀ ਫੀਸ ਉਹ ਪੇਮੈਂਟ ਹੈ ਜਿਹੜੀ ਤੁਸੀਂ ਵਕੀਲ ਦੇ ਸਮੇਂ ਲਈ ਕਰਦੇ ਹੋ। ਖਰਚੇ (ਭੁਗਤਾਨ) ਉਹ ਵੱਖ ਵੱਖ ਖਰਚੇ ਹਨ ਜਿਹੜੇ ਤੁਹਾਡੇ ਕੇਸ ਉੱਪਰ ਆਉਂਦੇ ਹਨ। ਕੇਸ ਦਰਜ ਕਰਵਾਉਣ, ਫੋਟੋਕਾਪੀ, ਕੋਰੀਅਰ ਦੇ ਖਰਚੇ ਆਦਿ ਹੋ ਸਕਦੇ ਹਨ।

ਆਮ ਤੌਰ 'ਤੇ ਤਿੰਨ ਮੁਢਲੇ ਤਰੀਕਿਆਂ ਰਾਹੀਂ ਵਕੀਲ ਆਪਣੀਆਂ ਸੇਵਾਵਾਂ ਲਈ ਚਾਰਜ ਕਰਦੇ ਹਨ। ਇਹ ਗੱਲ ਚੇਤੇ ਰੱਖੋ ਕਿ ਵਕੀਲਾਂ ਦੀਆਂ ਫੀਸਾਂ ਲਈ ਕੋਈ ਨਿਸ਼ਚਤ ਰੇਟ ਨਹੀਂ ਹਨ। ਵਕੀਲ ਆਪਣੇ ਰੇਟ ਆਪ ਤਹਿ ਕਰਦੇ ਹਨ।

(i) **ਪੱਕੀ ਫੀਸ:** ਵਕੀਲ ਤੁਹਾਡੇ ਕੇਸ ਲਈ ਇਕ ਪੱਕੀ ਫੀਸ ਚਾਰਜ ਕਰੇਗਾ, ਭਾਵੇਂ ਕੇਸ ਨੂੰ ਕਿੰਨਾ ਵੀ ਲੰਮਾ ਸਮਾਂ ਲੱਗੇ। ਉਦਾਹਰਣ ਲਈ, ਵਕੀਲ ਕਿਸੇ ਘਰ ਦੀ ਖਰੀਦ ਲਈ ਇਕ ਪੱਕੀ ਫੀਸ ਚਾਰਜ ਕਰਦੇ ਹਨ।

(ii) **ਘੰਟਿਆਂ ਦਾ ਰੇਟ:** ਵਕੀਲ ਤੁਹਾਡੇ ਕੇਸ 'ਤੇ ਲੱਗੇ ਸਮੇਂ ਲਈ ਤੁਹਾਡੇ ਤੋਂ ਪ੍ਰਤੀ ਘੰਟੇ ਦੇ ਹਿਸਾਬ ਨਾਲ ਚਾਰਜ ਕਰੇਗਾ। ਇਸ ਵਿਚ ਉਹ ਸਮਾਂ ਵੀ ਸ਼ਾਮਲ ਹੈ ਜਿਹੜਾ ਵਕੀਲ ਤੁਹਾਡੇ ਨਾਲ ਫੋਨ 'ਤੇ ਗੱਲ ਕਰਨ ਲਈ ਲਾਉਂਦਾ ਹੈ। ਵਕੀਲ ਜਿੰਨਾ ਜ਼ਿਆਦਾ ਤਜਰਬੇਕਾਰ ਹੋਵੇਗਾ, ਘੰਟੇ ਦੇ ਓਨੇ ਜ਼ਿਆਦਾ ਪੈਸੇ ਹੀ ਉਹ ਚਾਰਜ ਕਰੇਗਾ।

(iii) **ਕੌਨਟਿਨਜੈਂਸੀ ਫੀਸ:** ਵਕੀਲ ਤੁਹਾਡੇ ਲਈ ਮੁਕੱਦਮੇ ਵਿਚ ਜਿੱਤੇ ਜਾਣ ਵਾਲੇ ਪੈਸਿਆਂ ਦੀ ਪ੍ਰਤੀਸ਼ਤ ਉੱਪਰ ਕੰਮ ਕਰਦਾ ਹੈ। ਜੇ ਤੁਹਾਨੂੰ ਆਪਣੇ ਕੇਸ ਤੋਂ ਕੋਈ ਪੈਸਾ ਨਹੀਂ ਮਿਲਦਾ ਤਾਂ ਤੁਹਾਡੇ ਵਕੀਲ ਨੂੰ ਵੀ ਕੋਈ ਫੀਸ ਨਹੀਂ ਮਿਲਦੀ। ਪਰ ਇਨ੍ਹਾਂ ਬਹੁਤੇ ਕੇਸਾਂ ਵਿਚ, ਤੁਹਾਡੇ ਲਈ ਬਾਕੀ ਸਾਰੇ ਖਰਚੇ ਦੇਣੇ ਜ਼ਰੂਰੀ ਹਨ ਜਿਵੇਂ ਕਿ ਡਾਕਟਰੀ ਰਿਪੋਰਟਾਂ ਲੈਣ ਦਾ ਖਰਚਾ, ਅਦਾਲਤ ਵਿਚ ਕੇਸ ਕਰਨ ਦੀਆਂ ਫੀਸਾਂ ਅਤੇ ਹੋਰ ਖਰਚੇ, ਤੁਹਾਡੇ ਕੇਸ ਦਾ ਨਤੀਜਾ ਭਾਵੇਂ ਕੋਈ ਵੀ ਨਿਕਲੇ। ਕੌਨਟਿਨਜੈਂਸੀ ਫੀਸ ਦੇ ਇਕਰਾਰਨਾਮੇ ਨਿੱਜੀ ਸੱਟਾਂ ਦੇ ਕਲੇਮਾਂ ਵਿਚ ਆਮ ਕੀਤੇ ਜਾਂਦੇ ਹਨ। ਇਹ ਐਗਰੀਮੈਂਟ ਲਿਖਤੀ ਰੂਪ ਵਿਚ ਹੋਣਾ ਚਾਹੀਦਾ ਹੈ।

ਕਿਸੇ ਕਨੂੰਨੀ ਸਮੱਸਿਆ ਵਿਚ ਮਦਦ ਲਈ ਕਿਸੇ ਵਕੀਲ ਨੂੰ ਕਰਨ ਤੋਂ ਬਾਅਦ ਕੁਝ ਤਰੀਕੇ ਹਨ ਜਿਹੜੇ ਤੁਸੀਂ ਖਰਚੇ ਘਟਾਉਣ ਲਈ ਵਰਤ ਸਕਦੇ ਹੋ। ਅਕਸਰ, ਲੋਕ ਵਕੀਲ ਕਰ ਲੈਂਦੇ ਹਨ ਪਰ ਸਰਗਰਮੀ ਨਾਲ ਆਪਣੇ ਕੇਸ ਵਿਚ ਹਿੱਸਾ ਨਹੀਂ ਲੈਂਦੇ। ਉਹ ਸੋਚਦੇ ਹਨ ਕਿ ਉਨ੍ਹਾਂ ਦੀ ਕਨੂੰਨੀ ਸਮੱਸਿਆ ਵਿਚ ਕਿਉਂਕਿ ਵਕੀਲ ਮਦਦ ਕਰ ਰਿਹਾ ਹੈ, ਉਨ੍ਹਾਂ ਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੈ। ਉਹ ਸਾਰੇ ਵੱਡੇ ਫੈਸਲੇ ਵਕੀਲ 'ਤੇ ਕਰਨਾ ਛੱਡ ਦਿੰਦੇ ਹਨ। ਵਕੀਲ ਨੂੰ ਕਿਉਂਕਿ ਹਰ ਇਕ ਚੀਜ਼ ਕਰਨੀ ਪੈਂਦੀ ਹੈ, ਇਸ ਨਾਲ ਖਰਚਾ ਵੀ ਵਧ ਸਕਦਾ ਹੈ, ਕਿਉਂਕਿ ਵਕੀਲ ਦੇ ਸਮੇਂ ਦਾ ਖਰਚਾ ਤੁਸੀਂ ਦਿੰਦੇ ਹੋ। ਇਹ ਜ਼ਰੂਰੀ ਹੈ ਕਿ ਤੁਹਾਨੂੰ ਆਪਣੇ ਚੱਲ ਰਹੇ ਕੇਸ ਬਾਰੇ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ, ਤਾਂ ਜੋ ਤੁਸੀਂ ਆਪਣੇ ਕੇਸ ਦੇ ਸਾਰੇ ਮੁੱਖ ਨੁਕਤਿਆਂ ਬਾਰੇ ਵੱਡੇ ਫੈਸਲੇ ਆਪ ਕਰ ਸਕੋ।

ਆਪਣੇ ਵਕੀਲ ਨਾਲ ਉਨ੍ਹਾਂ ਤਰੀਕਿਆਂ ਬਾਰੇ ਵਿਚਾਰ ਕਰੋ ਜਿਨ੍ਹਾਂ ਰਾਹੀਂ ਤੁਸੀਂ ਕੇਸ ਵਿਚ ਮਦਦ ਕਰ ਸਕਦੇ ਹੋਵੋ। ਇਹ ਪੱਕਾ ਕਰੋ ਕਿ ਤੁਹਾਡਾ ਵਕੀਲ, ਕੁਝ ਕੰਮ ਤੁਹਾਡੇ ਵਲੋਂ ਕਰਨ ਲਈ ਅਰਾਮਦੇਹ ਹੋਵੇ। ਯਾਦ ਰੱਖੋ ਕਿ ਤੁਸੀਂ ਵਕੀਲ ਦੇ ਸਮੇਂ ਲਈ ਪੈਸੇ ਦਿੰਦੇ ਹੋ। ਆਪਣੇ ਕੇਸ ਦੀਆਂ ਜਿੰਨੀਆਂ ਜ਼ਿਆਦਾ ਚੀਜ਼ਾਂ ਤੁਸੀਂ ਆਪ ਕਰ ਸਕਦੇ ਹੋਵੋ, ਓਨਾ ਜ਼ਿਆਦਾ ਖਰਚੇ ਹੀ ਤੁਸੀਂ ਘਟਾ ਸਕਦੇ ਹੋ। ਉਦਾਹਰਣ ਲਈ, ਜੇ ਵਕੀਲ ਨੂੰ ਕੁਝ ਰਿਕਾਰਡਾਂ ਦੀ ਲੋੜ ਹੈ ਤਾਂ ਤੁਸੀਂ ਇਹ ਲੈਣ ਲਈ ਚਿੱਠੀ ਲਿਖ ਸਕਦੇ ਹੋ ਅਤੇ ਆਪਣੇ ਵਕੀਲ ਦਾ ਉਹ ਸਮਾਂ ਬਚਾ ਸਕਦੇ ਹੋ ਜਿਹੜਾ ਉਸ ਦਾ ਰਿਕਾਰਡ ਮੰਗਣ ਲਈ ਲੱਗਣਾ ਹੈ।

## ਖਰਚੇ ਘੱਟ ਰੱਖਣ ਲਈ ਕੁਝ ਸੁਝਾਅ ਅੱਗੇ ਦਿੱਤੇ ਗਏ ਹਨ।

1) **ਤਿਆਰੀ ਕਰਕੇ ਜਾਵੋ ਤਾਂ ਜੋ ਵਕੀਲ ਦਾ ਸਮਾਂ ਬਰਬਾਦ ਨਾ ਹੋਵੇ।** ਆਪਣੇ ਵਕੀਲ ਨਾਲ ਮੀਟਿੰਗਾਂ ਲਈ ਤਿਆਰੀ ਕਰੋ। ਉਦਾਹਰਣ ਲਈ –
   - ਆਪਣੀ ਕਨੂੰਨੀ ਸਮੱਸਿਆ ਬਾਰੇ ਸੋਚੋ, ਅਤੇ ਉਹ ਜਾਣਕਾਰੀ ਇਕੱਠੀ ਕਰੋ ਜਿਸ ਦੀ ਵਕੀਲ ਨੂੰ ਲੋੜ ਪਵੇਗੀ।
   - ਕੇਸ ਦੇ ਤੱਥ ਲਿਖ ਲਵੋ, ਅਤੇ ਇਸ ਵਿਚ ਸ਼ਾਮਲ ਲੋਕਾਂ ਦੇ ਸਾਰੇ ਢੁਕਵੇਂ ਨਾਂ, ਐਡਰੈਸ ਅਤੇ ਫੋਨ ਨੰਬਰ ਲਿਖੋ।
   - ਆਪਣੇ ਵਕੀਲ ਨੂੰ ਪੁੱਛੋ ਕਿ ਕੀ ਤੁਸੀਂ ਉਹ ਸਾਰੀ ਜਾਣਕਾਰੀ ਦੇ ਦਿੱਤੀ ਹੈ ਜਿਸ ਦੀ ਉਸ ਨੂੰ ਲੋੜ ਹੋ ਸਕਦੀ ਹੈ।
   - ਆਪਣੇ ਨਾਲ ਕੋਈ ਵੀ ਢੁਕਵੇਂ ਪੇਪਰ ਲਿਆਉ, ਜਿਵੇਂ ਕਿ ਚਿੱਠੀਆਂ, ਅਦਾਲਤ ਦੇ ਪੇਪਰ ਜਾਂ ਹੋਰ ਜਾਣਕਾਰੀ। ਇਨ੍ਹਾਂ ਦੀ ਇਕ ਕਾਪੀ ਆਪਣੇ ਕੋਲ ਰੱਖਣਾ ਯਾਦ ਰੱਖੋ।

ਜਿੰਨਾ ਜ਼ਿਆਦਾ ਕੰਮ ਤੁਸੀਂ ਆਪ ਤਿਆਰ ਕਰੋਗੇ, ਓਨਾ ਘੱਟ ਸਮਾਂ ਹੀ ਤੁਹਾਡੇ ਵਕੀਲ ਨੂੰ ਜਾਣਕਾਰੀ ਲੱਭਣ 'ਤੇ ਖਰਚਣਾ ਪਵੇਗਾ।

2) **ਅਸਲੀਅਤ ਜਾਣੋ।** 500.00 ਡਾਲਰ ਲੈਣ ਲਈ ਵਕੀਲ ਦੀਆਂ ਫੀਸਾਂ ਉੱਪਰ 1000.00 ਡਾਲਰ ਨਾ ਖਰਚੋ। ਤੁਹਾਨੂੰ ਇਹ ਵਿਚਾਰ ਕਰਨ ਅਤੇ ਫੈਸਲਾ ਕਰਨ ਦੀ ਲੋੜ ਹੈ ਕਿ ਸਾਰੇ ਖਰਚਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਕੀ ਕਨੂੰਨੀ ਸਮੱਸਿਆ ਦਾ ਹੱਲ ਕਰਨਾ ਫਾਇਦੇਮੰਦ ਹੈ।

3) **ਵਕੀਲ ਨਾਲ ਆਪਣੀ ਗੱਲਬਾਤ ਕੇਸ ਤੱਕ ਹੀ ਰੱਖੋ।** ਜਿਹੜੇ ਮਾਮਲੇ ਕੇਸ ਨਾਲ ਸੰਬੰਧਿਤ ਨਹੀਂ ਹਨ, ਉਨ੍ਹਾਂ ਬਾਰੇ ਵਿਚਾਰ ਨਾ ਕਰੋ। ਯਾਦ ਰੱਖੋ ਕਿ ਤੁਸੀਂ ਆਪਣੇ ਵਕੀਲ ਨਾਲ ਬਿਤਾਏ ਗਏ ਹਰ ਇਕ ਮਿੰਟ ਦਾ ਖਰਚਾ ਦਿੰਦੇ ਹੋ। ਫੋਨ ਕਾਲਾਂ ਅਤੇ ਮੀਟਿੰਗਾਂ ਨੂੰ ਕੇਸ ਬਾਰੇ ਗੱਲਬਾਤ ਤੱਕ ਹੀ ਸੀਮਤ ਰੱਖੋ।

4) **ਇਹ ਪੁੱਛੋ ਕਿ ਕੀ ਕੋਈ ਜੂਨੀਅਰ ਵਕੀਲ ਤੁਹਾਡੇ ਕੇਸ ਦਾ ਕੁਝ ਆਮ ਕੰਮ ਕਰ ਸਕਦਾ ਹੈ।** ਇਸ ਦੇ ਨਾਲ ਹੀ, ਜੇ ਤੁਹਾਡੇ ਵਕੀਲ ਦੇ ਦਫਤਰ ਦਾ ਸਟਾਫ ਤੁਹਾਡੀ ਮਦਦ ਕਰ ਸਕਦਾ ਹੋਵੇ ਤਾਂ ਵਕੀਲ ਨਾਲ ਸੰਪਰਕ ਕਰਨ ਦੀ ਬਜਾਏ ਉਸ ਨਾਲ ਸੰਪਰਕ ਕਰੋ।

5) **ਸਾਰੀਆਂ ਫਾਇਲਾਂ ਅਤੇ ਮੁਢਲੇ ਪੇਪਰਾਂ ਦੀਆਂ ਕਾਪੀਆਂ ਆਪਣੇ ਰਿਕਾਰਡ ਲਈ ਰੱਖੋ।** ਇਨ੍ਹਾਂ ਰਿਕਾਰਡਾਂ ਅਤੇ ਪੇਪਰਾਂ ਲਈ ਆਪਣੇ ਵਕੀਲ ਦੀ ਫਾਇਲ ਉਪਰ ਨਾ ਨਿਰਭਰ ਕਰੋ।

6) **ਆਪਣੇ ਬਿੱਲ ਦੀ ਜਾਂਚ ਕਰੋ।** ਇਹ ਬੇਨਤੀ ਕਰੋ ਕਿ ਤੁਹਾਡਾ ਵਕੀਲ ਤੁਹਾਨੂੰ ਨੇਮ ਨਾਲ ਬਿੱਲ ਭੇਜੇ। ਤੁਹਾਨੂੰ ਬਿੱਲ ਦਾ ਹਿਸਾਬ ਅਤੇ ਇਹ ਪਤਾ ਰੱਖਣਾ ਚਾਹੀਦਾ ਹੈ ਕਿ ਕੇਸ ਦਾ ਤੁਹਾਨੂੰ ਕਿੰਨਾ ਖਰਚਾ ਪੈ ਰਿਹਾ ਹੈ ਤਾਂ ਜੋ ਤੁਹਾਨੂੰ ਕੇਸ ਦੇ ਅੰਤ 'ਤੇ ਹੈਰਾਨੀ ਨਾ ਹੋਵੇ।

## ਜਾਣਕਾਰੀ ਦੇ ਸ੍ਰੋਤ ਅਤੇ ਬੁਰੇ ਵਰਤਾਉ ਅਤੇ ਅਣਗਹਿਲੀ ਵਿਚ ਮਦਦ

1) **ਕੈਨੇਡੀਅਨ ਨੈਸ਼ਨਲ ਕਲੀਰਿੰਗਹਾਊਸ ਔਨ ਫੈਮਿਲੀ ਵਾਇਲੈਂਸ** – ਇਸ ਵੈੱਬਸਾਈਟ 'ਤੇ ਪਰਿਵਾਰਕ ਹਿੰਸਾ ਨਾਲ ਸੰਬੰਧਿਤ ਮਸਲਿਆਂ ਬਾਰੇ ਜਾਣਕਾਰੀ ਦੇਣ ਵਾਲੀ ਵੱਖ ਵੱਖ ਸਮੱਗਰੀ ਹੈ ਜਿਸ ਵਿਚ ਬਜ਼ੁਰਗਾਂ ਵਿਰੁੱਧ ਹਿੰਸਾ ਵੀ ਸ਼ਾਮਲ ਹੈ। ਤੁਸੀਂ www.hc-sc-gc.ca/nc-cn ਵੈੱਬਸਾਈਟ ਦੇਖ ਸਕਦੇ ਹੋ।

2) **ਡਿਪਾਰਟਮੈਂਟ ਆਫ ਜਸਟਿਸ ਕੈਨੇਡਾ** – ਇਸ ਵੈੱਬਸਾਈਟ 'ਤੇ ਬਾਲਗਾਂ ਨਾਲ ਬੁਰੇ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਬਾਰੇ ਜਾਣਕਾਰੀ ਹੈ। ਉਨ੍ਹਾਂ ਦਾ ਵੈੱਬਸਾਈਟ ਹੈ: www.canada.justice.gc.ca

3) **ਪਬਲਿਕ ਗਾਰਡੀਅਨ ਐਂਡ ਟਰੱਸਟੀ ਆਫ ਬੀ ਸੀ** – ਇਹ ਦਫਤਰ ਉਨ੍ਹਾਂ ਹਾਲਤਾਂ ਵਿਚ ਜਾਣਕਾਰੀ ਦੇ ਸਕਦਾ ਜਾਂ ਮਦਦ ਕਰ ਸਕਦਾ ਹੈ ਜਦੋਂ ਕੋਈ ਵਿਅਕਤੀ ਆਪਣੇ ਕਾਰ-ਵਿਹਾਰ ਆਪ ਕਰਨ ਦੇ ਅਸਮਰੱਥ ਹੁੰਦਾ ਹੈ। ਇਹ ਦਫਤਰ ਮਾਇਕ ਬੁਰੇ ਵਰਤਾਉ ਅਤੇ ਉਨ੍ਹਾਂ ਲੋਕਾਂ ਵਲੋਂ ਸਵੈ-ਅਣਗਹਿਲੀ ਦੀਆਂ ਰਿਪੋਰਟਾਂ ਦੀ ਪੜਤਾਲ ਵੀ ਕਰਦਾ ਹੈ ਜਿਹੜੇ ਆਪਣਾ ਖਿਆਲ ਆਪ ਰੱਖਣ ਦੇ ਅਸਮਰੱਥ ਸਮਝੇ ਜਾਂਦੇ ਹਨ ਅਤੇ ਉਨ੍ਹਾਂ ਲੋਕਾਂ ਦੇ ਮਾਇਕ ਮਾਮਲੇ ਨਜਿੱਠਦਾ ਹੈ ਜਿਨ੍ਹਾਂ ਦੇ ਅਸਮਰੱਥ ਹੋਣ ਦੀ ਤਸਦੀਕ ਹੋ ਚੁੱਕੀ ਹੈ।

ਤੁਸੀਂ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹੋ:
ਵੈਨਕੂਵਰ ਵਿਚ (604) 660-4444 'ਤੇ ਜਾਂ ਵਿਕਟੋਰੀਆ ਵਿਚ (250) 356-8160 'ਤੇ। ਉਨ੍ਹਾਂ ਦਾ ਵੈੱਬਸਾਈਟ ਦਾ ਐਡਰੈਸ ਹੈ: www.trustee.bc.ca

4) **ਕਮਿਊਨਟੀ ਰਿਸਪੌਂਸ ਨੈੱਟਵਰਕ (ਸੀ ਆਰ ਐੱਨ)** – ਇਹ ਲੋਕਾਂ ਅਤੇ ਸੰਸਥਾਵਾਂ ਦਾ ਇਕ ਗਰੁੱਪ ਹੈ ਜੋ ਕਿ ਬਾਲਗਾਂ ਨਾਲ ਬੁਰੇ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਨੂੰ ਰੋਕਣ ਲਈ ਰਲ ਕੇ ਕੰਮ ਕਰ ਰਹੇ ਹਨ। ਉਹ ਬੁਰੇ ਵਰਤਾਉ ਵਾਲੇ ਜਾਂ ਅਣਗਹਿਲੀ ਵਾਲੇ ਬਾਲਗਾਂ ਲਈ ਮਦਦ ਅਤੇ ਸਹਾਇਤਾ ਦਾ ਤਾਲਮੇਲ ਵੀ ਕਰਦੇ ਹਨ। ਬੀ ਸੀ ਦੇ ਬਹੁਤੇ ਇਲਾਕਿਆਂ ਵਿਚ ਸੀ ਆਰ ਐੱਨਜ਼ ਹਨ। ਇਹ ਪਤਾ ਲਾਉਣ ਲਈ ਕਿ ਕੀ ਤੁਹਾਡੇ ਇਲਾਕੇ ਵਿਚ ਸੀ ਆਰ ਐੱਨ ਹੈ, www.bccrns.ca'ਤੇ ਸੀ ਆਰ ਐੱਨ ਦਾ ਵੈੱਬਸਾਈਟ ਦੇਖੋ ਅਤੇ ਆਪਣੇ ਇਲਾਕੇ 'ਤੇ ਕਲਿੱਕ ਕਰੋ।

5) **ਨਿਯੁਕਤ ਏਜੰਸੀਆਂ** – *ਅਡੱਲਟ ਗਾਰਡੀਅਨਸ਼ਿਪ ਐਕਟ* ਦੇ ਹਿੱਸਾ 3 ਅਧੀਨ, ਪਬਲਿਕ ਗਾਰਡੀਅਨ ਐਂਡ ਟਰੱਸਟੀ ਨੇ ਬੁਰੇ ਵਰਤਾਉ, ਅਣਗਹਿਲੀ ਅਤੇ ਸਵੈ-ਅਣਗਹਿਲੀ ਦੀ ਪੜਤਾਲ ਕਰਨ ਲਈ ਜ਼ਿੰਮੇਵਾਰੀ ਕੁਝ ਕਮਿਊਨਟੀ ਸੇਵਾਵਾਂ ਨੂੰ ਦਿੱਤੀ ਹੋਈ ਹੈ। ਇਹ ਸੇਵਾਵਾਂ, ਜਿਨ੍ਹਾਂ ਨੂੰ "ਡੈਜ਼ੀਗਨੇਟਿਡ ਏਜੰਸੀਜ਼" ਆਖਿਆ ਜਾਂਦਾ ਹੈ, ਪੰਜ ਹੈਲਥ ਅਥਾਰਟੀਆਂ ਅਤੇ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਦੀਆਂ ਕਮਿਊਨਟੀ ਲਿਵਿੰਗ ਅਥਾਰਟੀਆਂ ਹਨ।

ਆਮ ਤੌਰ 'ਤੇ ਹਰ ਇਕ ਇਲਾਕੇ ਵਿਚ ਨਿਯੁਕਤ ਏਜੰਸੀ ਹੈ ਜਿਸ ਨੂੰ ਤੁਸੀਂ ਆਪਣੇ ਇਲਾਕੇ ਵਿਚ ਬਾਲਗਾਂ ਨਾਲ ਬੁਰੇ ਵਰਤਾਉ ਦੀ ਰਿਪੋਰਟ ਕਰਨ ਲਈ ਫੋਨ ਕਰ ਸਕਦੇ ਹੋ। ਆਪਣੀ ਕਮਿਊਨਟੀ ਵਿਚਲੇ ਖਾਸ ਨੰਬਰਾਂ ਲਈ, ਤੁਸੀਂ www.trustee.bc.ca ਵੈੱਬਸਾਈਟ 'ਤੇ ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰ ਸਕਦੇ ਹੋ। ਵੈੱਬਸਾਈਟ 'ਤੇ ਜਾਣ ਤੋਂ ਬਾਅਦ **Community Numbers to Report Situations of Adult Abuse and Neglect** ਨਾਂ ਦੇ ਲਿੰਕ ਦਾ ਪਿੱਛਾ ਕਰੋ।

6) **ਵਿਕਟਿਮਲਿੰਕ** – ਜੇ ਤੁਸੀਂ ਪਰਿਵਾਰਕ ਜਾਂ ਕਾਮਕ ਹਿੰਸਾ, ਬਜ਼ੁਰਗ ਨਾਲ ਬੁਰੇ ਵਰਤਾਉ ਜਾਂ ਕਿਸੇ ਵੀ ਹੋਰ ਜੁਰਮ ਦਾ ਸ਼ਿਕਾਰ ਹੋਏ ਹੋ ਤਾਂ ਤੁਸੀਂ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਵਿਕਟਿਮਲਿੰਕ ਨੂੰ ਫੋਨ ਕਰ ਸਕਦੇ ਹੋ। ਇਹ ਇਕ ਬਹੁਭਾਸ਼ਾਈ ਅਤੇ ਟੀ ਟੀ ਵਾਈ ਸਰਵਿਸ ਹੈ। ਉਹ ਪਰਿਵਾਰਕ ਅਤੇ ਕਾਮਕ ਹਿੰਸਾ ਦੇ ਸ਼ਿਕਾਰ ਵਿਅਕਤੀਆਂ ਨੂੰ ਸੰਕਟ ਵਿਚ ਫੌਰੀ ਸਹਾਇਤਾ ਦਿੰਦੇ ਹਨ, ਜੁਰਮਾਂ ਦੇ ਸ਼ਿਕਾਰ ਸਾਰੇ ਲੋਕਾਂ ਦੀ ਮਦਦ ਕਰਦੇ ਹਨ ਅਤੇ ਉਨ੍ਹਾਂ ਨੂੰ ਸ਼ਿਕਾਰ ਵਿਅਕਤੀਆਂ ਲਈ ਸੇਵਾਵਾਂ ਅਤੇ ਹੋਰ ਵਸੀਲਿਆਂ ਬਾਰੇ ਜਾਣਕਾਰੀ ਦਿੰਦੇ ਹਨ ਅਤੇ ਉਨ੍ਹਾਂ ਤੱਕ ਭੇਜਦੇ ਹਨ।

ਉਨ੍ਹਾਂ ਦਾ ਟੋਲ-ਫ੍ਰੀ ਨੰਬਰ 1-800-563-0808 ਹੈ। ਬੋਲ਼ੇ ਅਤੇ ਉੱਚਾ ਸੁਣਨ ਵਾਲੇ ਲੋਕ ਟੀ ਟੀ ਵਾਈ ਸਰਵਿਸ ਨੂੰ 604-875-0885 'ਤੇ ਫੋਨ ਕਰ ਸਕਦੇ ਹਨ।

7) **ਐਡਵੋਕੇਸੀ ਐਕਸੈੱਸ ਪ੍ਰੋਗਰਾਮ** – ਇਸ ਪ੍ਰੋਗਰਾਮ ਵਿਚਲੇ ਲੋਕ ਅਪਾਹਜ ਲੋਕਾਂ ਦੀ ਹਿਮਾਇਤ ਕਰਨ ਵਾਲਾ ਕੰਮ ਕਰਦੇ ਹਨ। ਹਿਮਾਇਤੀ ਕੰਮ ਕਰਨ ਵਾਲੇ ਲੋਕ, ਬੀ ਸੀ ਕੋਲੀਸ਼ਨ ਆਫ ਪੀਪਲ ਵਿਦ ਡਿਸਏਬਿਲਟੀਜ਼ ਦਾ ਹਿੱਸਾ ਹਨ। ਤੁਸੀਂ ਉਨ੍ਹਾਂ ਨੂੰ ਇਨ੍ਹਾਂ ਨੰਬਰਾਂ 'ਤੇ ਫੋਨ ਕਰ ਸਕਦੇ ਹੋ:

(604) 872-1278 ਜਾਂ ਟੀ ਟੀ ਵਾਈ: (604) 875-8835 (ਲੋਅਰ ਮੇਨਲੈਂਡ) ਜਾਂ
1-800-663-1278 (ਦੂਰੋਂ ਮੁਫਤ, ਬੀ ਸੀ ਭਰ ਵਿਚ)

ਕਨੂੰਨ ਅਤੇ ਆਪਣੇ ਹੱਕਾਂ ਬਾਰੇ ਜ਼ਿਆਦਾ ਜਾਣਨ ਲਈ **ਬੀ ਸੀ ਸੀ ਈ ਏ ਐੱਸ** ਨੂੰ **604 437-1940** 'ਤੇ ਫੋਨ ਕਰੋ ਜੇ ਤੁਸੀਂ ਲੋਅਰ ਮੇਨਲੈਂਡ ਵਿਚ ਰਹਿੰਦੇ ਹੋ ਜਾਂ ਸੂਬੇ ਦੇ ਕਿਸੇ ਵੀ ਹੋਰ ਹਿੱਸੇ ਤੋਂ 1 866 437-1940 'ਤੇ ਮੁਫਤ ਫੋਨ ਕਰੋ।

*ਇਹ ਜਾਣਕਾਰੀ ਸ਼ੀਟ, ਕਮਿਊਨਟੀ ਆਫ ਸਰੀ ਹੈਲਥ ਗਰਾਂਟ, ਫਰੇਜ਼ਰ ਹੈਲਥ ਅਥਾਰਟੀ ਤੋਂ ਮਿਲੀ ਮਾਇਕ ਸਹਾਇਤਾ ਨਾਲ ਤਿਆਰ ਕੀਤੀ ਗਈ।*